# 16th Meeting of the Working Mechanism for Consultation & Coordination on India-China Border Affairs

July 10, 2020

## ਭਾਰਤ-ਚੀਨ ਸਰਹੱਦੀ ਮਾਮਲਿਆਂ ਬਾਰੇ ਸਲਾਹ ਅਤੇ ਤਾਲਮੇਲ ਕਾਰਜ ਤੰਤਰ ਦੀ 16ਵੀਂ ਬੈਠਕ

10 ਜੁਲਾਈ, 2020

ਭਾਰਤ-ਚੀਨ ਸਰਹੱਦੀ ਮਾਮਲਿਆਂ ਬਾਰੇ ਸਲਾਹ ਅਤੇ ਤਾਲਮੇਲ ਕਾਰਜ ਤੰਤਰ ਦੀ 16ਵੀਂ ਬੈਠਕ 10 ਜੁਲਾਈ 2020 ਨੂੰ ਹੋਈ। ਭਾਰਤੀ ਵਫ਼ਦ ਦੀ ਅਗਵਾਈ ਵਿਦੇਸ਼ ਮੰਤਰਾਲੇ ਦੇ ਸਾਂਝੇ ਸਕੱਤਰ (ਪੂਰਬੀ ਏਸ਼ੀਆ) ਵੱਲੋਂ ਕੀਤੀ ਗਈ, ਜਦਕਿ ਚੀਨੀ ਵਫਦ ਦੀ ਅਗਵਾਈ ਚੀਨੀ ਵਿਦੇਸ਼ੀ ਮਾਮਲਿਆਂ ਦੇ ਮੰਤਰਾਲੇ ਦੇ ਸਰਹੱਦ ਅਤੇ ਸਮੁੰਦਰੀ ਵਿਭਾਗ ਦੇ ਡਾਇਰੈਕਟਰ ਜਨਰਲ ਨੇ ਕੀਤੀ।

2. ਦੋਹਾਂ ਧਿਰਾਂ ਨੇ ਦੋਨਾਂ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਵਿਚਾਲੇ 17 ਜੂਨ 2020 ਨੂੰ ਹੋਏ ਸਮਝੌਤੇ ਅਤੇ ਦੋ ਵਿਸ਼ੇਸ਼ ਨੁਮਾਇੰਦਿਆਂ (ਐਸਆਰਐਸ) ਵਿਚਕਾਰ 5 ਜੁਲਾਈ 2020 ਨੂੰ ਟੈਲੀਫੋਨ ਰਾਹੀਂ ਹੋਈ ਗੱਲਬਾਤ ਦੌਰਾਨ ਹੋਏ ਸਮਝੌਤੇ ਨੂੰ ਯਾਦ ਕੀਤਾ ਅਤੇ ਮੁੜ ਦੋਹਰਾਇਆ ਕਿ ਦੋਵੇਂ ਪੱਖ ਦੁਵੱਲੇ ਸਮਝੌਤਿਆਂ ਅਤੇ ਪ੍ਰੋਟੋਕਾਲਾਂ ਮੁਤਾਬਿਕ ਭਾਰਤ- ਚੀਨ ਸਰਹੱਦੀ ਖੇਤਰਾਂ ਵਿਚ ਸ਼ਾਂਤੀ ਦੀ ਮੁੜ ਬਹਾਲੀ ਲਈ ਅਸਲ ਕੰਟਰੋਲ ਰੇਖਾ (ਐਲ.ਏ.ਸੀ.) ਉੱਪਰ ਤੈਨਾਤ ਜਵਾਨਾਂ ਦੀ ਡਿਸਇੰਗੇਜਮੈਂਟ ਅਤੇ ਇਸ ਖੇਤਰ ਵਿੱਚ ਡੀ-ਏਸਕੇਲੇਸ਼ਨ ਨੂੰ ਯਕੀਨੀ ਬਣਾਉਣਗੇ। ਉਨ੍ਹਾਂ ਇਸ ਗੱਲ ’ਤੇ ਵੀ ਸਹਿਮਤੀ ਪ੍ਰਗਟਾਈ ਕਿ ਦੁਵੱਲੇ ਸੰਬੰਧਾਂ ਦੇ ਸਰਬਪੱਖੀ ਵਿਕਾਸ ਲਈ ਸਰਹੱਦੀ ਇਲਾਕਿਆਂ ਵਿਚ ਸਥਾਈ ਸ਼ਾਂਤੀ ਕਾਇਮ ਰੱਖਣਾ ਜ਼ਰੂਰੀ ਹੈ।

3. ਉਨ੍ਹਾਂ ਨੇ ਪੱਛਮੀ ਸੈਕਟਰ ਵਿੱਚ ਐਲਏਸੀ ਉੱਪਰ ਚੱਲ ਰਹੀ ਡਿਸਇੰਗੇਜਮੈਂਟ ਦੀ ਪ੍ਰਕਿਰਿਆ ਵਿੱਚ ਹੋਈ ਤਰੱਕੀ ਸਮੇਤ ਭਾਰਤ-ਚੀਨ ਸਰਹੱਦੀ ਖੇਤਰਾਂ ਦੇ ਹਾਲਾਤ ਦਾ ਜਾਇਜ਼ਾ ਲਿਆ। ਉਨ੍ਹਾਂ ਇਸ ਗੱਲ ਉੱਪਰ ਸਹਿਮਤੀ ਪ੍ਰਗਟਾਈ ਕਿ ਦੋਵਾਂ ਧਿਰਾਂ ਲਈ ਸੀਨੀਅਰ ਕਮਾਂਡਰਾਂ ਦਰਮਿਆਨ ਹੋਈ ਸਹਿਮਤੀ ਨੂੰ ਇਮਾਨਦਾਰੀ ਨਾਲ ਲਾਗੂ ਕਰਨਾ ਜ਼ਰੂਰੀ ਹੈ। ਦੋਵਾਂ ਵਿਸ਼ੇਸ਼ ਨੁਮਾਇੰਦਿਆਂ ਵੱਲੋਂ ਦਿੱਤੀ ਗਈ ਸਹਿਮਤੀ ਮੁਤਾਬਿਕ ਸਮੇਂ ਸਿਰ ਪੂਰਨ ਡਿਸਇੰਗੇਜਮੈਂਟ ਅਤੇ ਡੀ-ਐਸਕੇਲੇਸ਼ਨ ਨੂੰ ਯਕੀਨੀ ਬਣਾਉਣ ਲਈ ਸੀਨੀਅਰ ਕਮਾਂਡਰ ਜਲਦੀ ਹੀ ਅਗਲੇ ਕਦਮਾਂ ਬਾਰੇ ਵਿਚਾਰ ਵਟਾਂਦਰਾ ਕਰਨਗੇ।

4. ਦੋਵਾਂ ਧਿਰਾਂ ਨੇ ਮੌਜੂਦਾ ਹਾਲਾਤ ਦੇ ਛੇਤੀ ਨਿਪਟਾਰੇ ਨੂੰ ਯਕੀਨੀ ਬਣਾਉਣ ਲਈ ਕੂਟਨੀਤਕ ਅਤੇ ਫੌਜੀ ਪੱਧਰ 'ਤੇ ਚੱਲ ਰਹੀ ਗੱਲਬਾਤ ਕਾਇਮ ਰੱਖਣ ਬਾਰੇ ਵੀ ਆਪਣੀ ਸਹਿਮਤੀ ਪ੍ਰਗਟਾਈ। ਇਸ ਪਿੱਠਭੂਮੀ ਵਿੱਚ ਉਨ੍ਹਾਂ ਨੇੜਲੇ ਭਵਿੱਖ ਵਿੱਚ ਡਬਲਯੂਐੱਮਸੀਸੀ ਦੀ ਇੱਕ ਹੋਰ ਮੀਟਿੰਗ ਕਰਨ ਬਾਰੇ ਸਹਿਮਤੀ ਪ੍ਰਗਟਾਈ।

ਨਵੀਂ ਦਿੱਲੀ

10 ਜੁਲਾਈ, 2020

*****

DISCLAIMER : This is an approximate translation. The original is available in English on MEA’s website and may be referred to as the official press release.